# ਇਫ਼ਕੈਪਸ ਵੱਲੋਂ ਡਾ. ਸਿੰਥੀਆ ਮਹਿਮੂਦ ਨੂੰ "ਹਾਅ ਦਾ ਨਾਅਰਾ" ਐਵਾਰਡ

ਲੰਘੇ ਸ਼ਨੀਵਾਰ ਨੂੰ ਓਕਟਨ ਕਮਿਊਨਿਟੀ ਕਾਲਜ, ਡੈਸ ਪਲੇਨਸ ਵਿਖੇ ਇਫ਼ਕੈਪਸ ਵੱਲੋਂ ਡਾ. ਸਿੰਥੀਆ ਮਹਿਮੂਦ ਨੂੰ ਉਹਨਾਂ ਦੀਆਂ ਸਿੱਖ ਕੌਮ ਪ੍ਰਤੀ ਨਿਭਾਈਆਂ ਸੇਵਾਵਾਂ ਦਾ ਮਾਣ ਰੱਖਦੇ ਹੋਏ "ਹਾਅ ਦਾ ਨਾਅਰਾ" ਐਵਾਰਡ ਨਾਲ ਸਨਮਾਨਤ ਕੀਤਾ ਗਿਆ ਜਿਸ ਵਿਚ ਸਰਟੀਫ਼ਿਕੇਟ ਦੇ ਨਾਲ 1000 ਡਾਲਰ ਦੀ ਰਾਸ਼ੀ ਸ਼ਾਮਲ ਹੈ। ਇਹ ਐਵਾਰਡ ਸੰਸਥਾ ਦੇ ਪ੍ਰਧਾਨ ਸ. ਸਾਧੂ ਸਿੰਘ ਰਿਖੀਰਾਜ ਵੱਲੋਂ ਉਹਨਾਂ ਨੂੰ ਦਿੱਤਾ ਗਿਆ। ਇਸ ਐਵਾਰਡ ਦੇ ਪਿਛੋਕੜ ਬਾਰੇ ਇਫ਼ਕੈਪਸ ਦੇ ਅਡਜ਼ੈਕਟਿਵ ਡਾਇਰੈਕਟਰ ਡਾ. ਸਵਰਨਜੀਤ ਸਿੰਘ ਨੇ ਕਿਹਾ, "ਇਹ ਐਵਾਰਡ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦੋ ਛੋਟੇ ਸਾਹਿਬਜ਼ਾਦਿਆਂ ਦੇ ਹੱਕ ਵਿਚ ਨਵਾਬ ਮਲੇਰਕੋਟਲਾ ਵੱਲੋਂ ਮਾਰੇ ਹਾਅ ਦੇ ਨਾਅਰੇ ਵੱਜੋਂ ਉਹਨਾਂ ਦੀ ਯਾਦ ਵਿਚ ਸਥਾਪਤ ਕੀਤਾ ਗਿਆ ਹੈ। ਡਾ. ਸਿੰਥੀਆ ਕੈਪਲੇ ਮਹਿਮੂਦ ਵੀ ਅੱਜ ਉਸੇ ਤਰ੍ਹਾਂ ਵਿਦੇਸ਼ੀ ਕਚਹਿਰੀਆਂ ਵਿਚ ਸਿੱਖਾਂ ਦੇ ਹੱਕਾਂ ਲਈ ਅਵਾਜ਼ ਬੁਲੰਦ ਕਰ ਰਹੀ ਹੈ ਜਿਸ ਤਰ੍ਹਾਂ ਕਿਸੇ ਸਮੇਂ ਨਵਾਬ ਮਲੇਰਕੋਟਲਾ ਨੇ ਗੁਰੁ ਸਾਹਿਬ ਦੇ ਦੋ ਛੋਟੇ ਸਾਹਿਬਜ਼ਾਦਿਆਂ ਦੇ ਹੱਕ ਵਿਚ ਆਪਣੀ ਅਵਾਜ਼ ਨੂੰ ਸੂਬੇ ਦੀ ਕਚਹਿਰੀ ਅੰਦਰ ਪੰਜਾਬ ਦੀ ਧਰਤੀ ਤੇ ਨਸ਼ਰ ਕੀਤਾ ਸੀ।ਇਹ ਐਵਾਰਡ ਹਰ ਸਾਲ ਦਿੱਤਾ ਜਾਣ ਵਾਲਾ ਨਹੀਂ ਹੈ। ਇਹ ਐਵਾਰਡ ਮਨੁੱਖਤਾ ਪ੍ਰਤੀ ਸੇਵਾਵਾਂ ਨਿਭਾਉਣ ਵਾਲੇ ਅਤੇ ਸੱਚ ਨੂੰ ਨਸ਼ਰ ਕਰਨ ਵਾਲੀ ਕਿਸੇ ਵੀ ਰੂਹ ਨੂੰ ਬਿਨਾਂ ਕਿਸੇ ਭੂਗੋਲਿਕ ਇਕਾਈ, ਸਮਾਜਕ ਤੇ ਧਾਰਮਕ ਹੱਦਬੰਦੀ ਤੋਂ ਦਿੱਤਾ ਜਾਵੇਗਾ। ਸਿੰਥੀਆ ਇਸ ਐਵਾਰਡ ਦੀ ਪਹਿਲੀ ਹੱਕਦਾਰ ਇਕ ਬਹਾਦਰ ਅਤੇ ਬੇਗਰਜ਼ ਔਰਤ ਹੈ ਜਿਸ ਨੇ ਸੱਚ ਨੂੰ ਨਸ਼ਰ ਕਰਨ ਲਈ ਆਪਣੀ ਨੌਕਰੀ ਦੀ ਵੀ ਪ੍ਰਵਾਹ ਨਾ ਕੀਤੀ। ਅਸੀਂ ਸਮੁੱਚੀ ਕੌਮ ਵੱਲੋਂ ਉਸ ਦੇ ਨਿਭਾਏ ਇਸ ਸਲਾਘਾਯੋਗ ਕਦਮ ਲਈ ਸਦਾ ਰਿਣੀ ਰਹਾਂਗੇ।"

ਪ੍ਰੋਗਰਾਮ ਦੀ ਸ਼ੁਰੂਆਤ ਸੰਸਥਾ ਦੇ ਪ੍ਰਧਾਨ ਸ. ਸਾਧੂ ਸਿੰਘ ਰਿਖੀਰਾਜ ਨੇ ਜੀ ਆਇਆ ਕਹਿ ਅਤੇ 1984 ਦੇ ਵਰਤਾਰੇ ਨੂੰ ਭਰਵੇਂ ਮਨ ਨਾਲ ਯਾਦ ਕਰਦਿਆਂ ਕੀਤੀ। ਇਸ ਉਪਰੰਤ ਡਾਇਰੈਕਟਰ ਆਫ਼ ਕਮਿਊਨੀਕੇਸ਼ਨਜ਼ ਬੀਬੀ ਹਰਵਿੰਦ ਕੌਰ ਨੇ ਗੁਰਬਾਣੀ ਦਾ ਸ਼ਬਦ ਪੜਦਿਆਂ ਅਤੇ ਕੁਝ ਸਮੇਂ ਲਈ ਸ਼ਾਂਤ ਰਹਿ ਕੇ 1984 ਦੇ ਸਮੁੱਚੇ ਵਰਤਾਰੇ ਨੂੰ ਸਲਾਈਡ ਸ਼ੋਅ ਰਾਹੀ ਵਿਖਾਇਆ ਅਤੇ ਭਰੇ ਗਲੇ ਨਾਲ ਡਾ. ਸਿੰਥੀਅ ਮਹਿਮੂਦ ਨੂੰ ਬੋਲਣ ਦਾ ਸੱਦਾ ਦਿੱਤਾ। ਨਾਟਰੇ ਡੇਮ ਯੂਨੀਵਰਸਿਟੀ ਦੀ ਪ੍ਰੋ. ਸਿੰਥੀਆ ਮਹਿਮੂਦ ਨੇ ਸਪਸ਼ਟ ਸ਼ਬਦਾਂ ਵਿਚ ਕਿਹਾ, " ਸਿੱਖਾਂ ਲਈ ਇਸ ਵਰਤਾਰੇ ਨੂੰ ਭੁਲਾਣਾ ਨਾਮੁਮਕਿਨ ਹੈ।ਇਸ ਦੁਖਦਾਈ ਪੱਖ ਦੇ ਅਨੇਕਾਂ ਪਹਿਲੂ ਹਨ। ਇਸ ਦੁਖਦਾਈ ਵਰਤਾਰੇ ਦੀਆਂ ਜੜ੍ਹਾਂ ਹਿੰਦੁਸਤਾਨ ਦੀ ਸਥਾਪਤੀ ਵੱਲੋਂ ਰਾਜਸੀ ਤਾਕਤ ਦਾ ਕੇਂਦਰੀਕਰਨ ਕਰਨ ਕਰਕੇ ਸੂਬਿਆਂ ਦੀ ਖੁਦਮੁਖਤਿਆਰੀ ਨੂੰ ਕੈਦ ਕਰਨ ਕਰਕੇ ਹੋਇਆ। ਅੱਜ ਦੇ ਬਦਲਦੇ ਹਾਲਾਤਾਂ ਵਿਚ ਸਿਰਦਾਰ ਕਪੂਰ ਸਿੰਘ ਦਾ ਲਿਖਿਆਂ ਹੋਇਆ 1973 ਵਾਲਾ ਮਤਾ ਹੀ ਸਿੱਖਾਂ ਲਈ ਸਭ ਤੋਂ ਜ਼ਿਆਦਾ ਲਾਹੇਬੰਦ ਹੈ। ਸਿੱਖਾਂ ਨੂੰ ਰਲ ਮਿਲ ਕੇ ਇਸ ਰਾਹ ਨੂੰ ਅਪਣਾਉਂਣਾ ਚਾਹੀਦਾ ਹੈ। ਪੱਚੀ ਸਾਲਾਂ ਦੇ ਬਦਲਦੇ ਹਾਲਾਤਾਂ ਵਿਚ ਸਿੱਖਾਂ ਨੂੰ ਆਪਣੇ ਕਦਮਾਂ ਨੂੰ ਵੀ ਬਦਲਣਾ ਚਾਹੀਦਾ ਹੈ। ਸਿੱਖਾਂ ਵਿਚ ਵਧ ਰਹੀ ਜਾਤ-ਪਾਤ ਕਾਰਨ ਦਲਿਤ ਭਾਈਚਾਰਾ ਸਿੱਖਾਂ ਤੋਂ ਦੂਰ ਜਾ ਰਿਹਾ ਹੈ। ਦੂਸਰੇ ਭਾਈਚਾਰਿਆਂ ਪ੍ਰਤੀ ਬਹੁਮਤ ਸਿੱਖਾਂ ਦੀ ਮਿਲਵਰਤਨ ਪ੍ਰਤੀ ਨਾਹਪੱਖੀ ਰੁਝਾਨ ਅਤੇ ਸਿੱਖਾਂ ਦਾ ਵਿਦੇਸ਼ਾਂ ਵਿਚ ਆਪਣੇ ਆਪ ਨੂੰ ਕੇਵਲ ਗੁਰਦੁਆਰਾ ਸਾਹਿਬ ਤੱਕ ਹੀ ਸੀਮਤ ਕਰ ਲੈਣ ਕਾਰਨ ਅਨੇਕਾਂ ਸਮੱਸਿਆਵਾਂ ਨੇ ਜਨਮ ਲਿਆ ਹੈ। ਅੱਜ ਅੰਕੜਿਆਂ ਦੇ ਹਿਸਾਬ ਨਾਲ ਸਿੱਖਾਂ ਦਾ ਡਾਇਮੈਸਟਿਕ ਵਾਇਲੈਂਸ ਵਿਚ ਨੰਬਰ ਸਭ ਤੋਂ ਉਪਰ ਹੈ ਜੋ ਕਿ ਸਿੱਖਾਂ ਅਤੇ ਸਿੱਖਾਂ ਦਾ ਪੱਖ ਪੂਰਨ ਵਾਲਿਆ ਵੀ ਨਿਰਾਸ਼ਾਜਨਕ ਹੈ।" ਡਾ. ਸਿੰਥੀਆਂ ਵੱਲੋਂ ਬਾਦਲੀਲ ਸਭ ਸਵਾਲਾਂ ਦੇ ਜਵਾਬ ਦਿੱਤੇ ਗਏ ਅਤੇ ਪੰਜਾਬ ਦੇ ਦਰਿਆਈ ਪਾਣੀਆਂ ਦੇ ਮੁੱਦੇ ਤੇ ਉਲਝੇ ਸਵਾਲਾਂ ਅਤੇ ਜਵਾਬਾਂ ਪ੍ਰਤੀ ਇਫ਼ਕੈਪਸ ਦਾ ਸਪਸ਼ਟ ਸਟੈਂਡ ਰੱਖਦੇ ਹੋਏ ਡਾ. ਸਵਰਨਜੀਤ ਸਿੰਘ ਨੇ ਕਿਹਾ, "ਇਹ ਦਰਿਆਈ ਪਾਣੀਆਂ ਦਾ ਮਸਲਾ ਅੰਤਰ-ਰਾਸ਼ਟਰੀ ਕਾਨੂੰਨ ਦੇ ਤਹਿਤ ਹੋਣਾ ਚਾਹੀਦਾ ਹੈ। ਇਹ ਮਸਲਾ ਰਿਪੇਰੀਅਨ ਸਟੇਟ ਦਾ ਹੈ।ਪਾਣੀਆਂ ਦਾ ਮਸਲਾ ਸਮੱਸਿਆ ਹੈ ਇਸ ਨੂੰ ਕਨਫ਼ਲਿਕਟ ਨਹੀਂ ਕਿਹਾ ਜਾ ਸਕਦਾ। 1947 ਦੀ ਵੰਡ ਇਕ ਕਨਫ਼ਲਿਕਟ ਹੈ ਜਿਸ ਕਾਰਨ ਇਹ ਸਮੱਸਿਆ ਪੈਦਾ ਹੋਰ ਰਹੀ ਹੈ। ਪੰਜਾਬ ਦੇ ਅਨੇਕਾਂ ਵਾਰ ਵੰਡੇ ਜਾਣ ਕਾਰਨ ਰਿਪੇਰੀਅਨ ਸਟੇਟ ਦੀ ਭੂਗੋਲਿਕ ਇਕਾਈ ਟੁੱਟ ਗਈ ਹੈ। ਇਸ ਸਮੱਸਿਆ ਦਾ ਹੱਲ ਕੇਵਲ ਰਿਪੇਰੀਅਨ ਸਟੇਟ ਜੋ ਕਿ ਸਿੰਧ ਦਰਿਆ ਤੋਂ ਜਮਨਾ ਤੱਕ ਬਣਦੀ ਹੈ ਨੂੰ ਮੁੜ ਇਕ ਇਕਾਈ ਵਿਚ ਕਾਇਮ ਕਰਨ ਕਰਕੇ ਹੀ ਹੋ ਸਕਦਾ ਹੈ। ਇਸ ਸਮੱਸਿਆ ਦੀ ਜੜ ਪੰਜਾਬ ਦੀ 1947 ਦੀ ਵੰਡ ਹੈ ਜਿਸ ਲਈ ਗਾਂਧੀ ਅਤੇ ਜਿਨਾਹ ਦੋਵੇਂ ਜ਼ਿੰਮੇਵਾਰ ਹਨ।ਜਿਸ ਦਾ ਮੁੱਲ ਸਿੱਖਾਂ ਨੂੰ ਹਿੰਦੁਸਤਾਨ ਅੰਦਰ ਤਾਰਨਾ ਪਿਆ।"

ਅੰਤ ਵਿਚ ਸ. ਕੁਲਵੰਤ ਸਿੰਘ ਹੁੰਦਲ ਨੇ ਆਏ ਪਤਵੰਤੇ ਸੱਜਣਾਂ ਦਾ ਧੰਨਵਾਦ ਕੀਤਾ। ਇਸ ਪ੍ਰੋਗਰਾਮ ਨੂੰ ਕਾਮਯਾਬ ਕਰਨ ਲਈ ਸ਼ਿਕਾਗੋ ਯੂਨਿਟ ਅੰਦਰ ਸ. ਇੰਦਰਜੀਤ ਸਿੰਘ ਮੁੱਕਰ, ਡਾਇਰੈਕਟਰ ਆਫ਼ ਪਬਲਿਕ ਰਿਲੇਸ਼ਨਜ਼ ਨੇ ਸਲਾਘਾਯੋਗ ਕੰਮ ਕੀਤਾ। ਇਸ ਪ੍ਰੋਗਰਾਮ ਵਿਚ ਵਿਸ਼ੇਸ਼ ਤੌਰ ਤੇ ਸ. ਲਖਵਿੰਦਰ ਸਿੰਘ ਚੀਮਾ, ਸੁਰਿੰਦਰ ਸਿੰਘ, ਨਰਿੰਦਰ ਸਿੰਘ, ਰਵੀ ਸਿੰਘ, ਕਰਮਜੀਤ ਸਿੰਘ, ਅਮਰਦੇਵ ਸਿੰਘ, ਸੰਤੋਖ ਸਿੰਘ, ਹਰਦੀਪ ਸਿੰਘ ਗਿੱਲ, ਇੰਦਰਬੀਰ ਸਿੰਘ ਗਿੱਲ, ਇਰਵਨਪ੍ਰੀਤ ਸਿੰਘ, ਸੁਖਵੀਰ ਕੌਰ, ਮਨਦੀਪ ਕੌਰ, ਉਪਾਵਨ ਕੌਰ, ਕੁਲਦੀਪ ਸਿੰਘ ਮੱਕੜ, ਸੁਰਿੰਦਰਪਾਲ ਸਿੰਘ ਕਾਲੜਾ, ਡਾ. ਬਲਦੇਵ ਸਿੰਘ, ਠਾਕਰ ਸਿੰਘ ਬਸਾਤੀ, ਜਸਵਿੰਦਰ ਸਿੰਘ,ਹਰਜਿੰਦਰ ਸਿੰਘ ਜਿੰਦੀ,ਹਰਬੰਸ ਸਿੰਘ,ਅਮਰੀਕ ਪਾਲ ਸਿੰਘ, ਬੀਬੀ ਜਸਵੀਰ ਕੌਰ, ਬੀਬੀ ਗੁਰਬਚਨ ਕੌਰ, ਗੌਰਵ ਸਿੰਘ, ਸੇਵਾ ਸਿੰਘ ਵਿਰਦੀ, ਪ੍ਰੋ. ਜੋਗਿੰਦਰ ਸਿੰਘ ਰਮਦੇਵ, ਨਰਿੰਦਰਪਾਲ ਸਿੰਘ ਮਰਵਾਹਾ, ਅਮੋਲਕ ਸਿੰਘ, ਆਰ ਐਸ. ਮਾਹਲ, ਜਸਪਾਲ ਸਿੰਘ ਬਾਜਵਾ, ਤਾਰਾ ਸਿੰਘ ਹੁੰਦਲ, ਭੁਪਿੰਦਰ ਸਿੰਘ ਹੁੰਦਲ, ਅੰਮ੍ਰਿਤ ਕੌਰ, ਹਰਦੀਪ ਸਿੰਘ ਕੋਮਲ, ਲਾਲ ਸਿੰਘ, ਸੁਰਿੰਦਰ ਸਿੰਘ, ਸਰਵਣ ਸਿੰਘ, ਹਰਪਿੰਦਰ ਸਿੰਘ, ਰਾਜਿੰਦਰ ਸਿੰਘ, ਗੁਰਦੇਵ ਸਿੰਘ, ਮਾਨ ਕੌਰ, ਇੰਦਰ ਕੌਰ, ਤਰਲੋਚਨ ਕੌਰ, ਗਿਨੀ ਅਤੇ ਅਨੇਕਾਂ ਹੋਰ ਸ਼ਿਕਾਗੋ ਦੇ ਪਤਵੰਤੇ ਸੱਜਣਾਂ ਨੇ ਸ਼ਿਰਕਤ ਕੀਤੀ।